

# ਪੁਲਿਸ ਬਾਰੇ ਸ਼ਿਕਾਇਤ ਕਿਵੇਂ ਕਰਨੀ ਹੈ

ਵੈਸਟ ਮਰਸੀਆ ਪੁਲਸਿ ਵਖਿ ਸਾਰੇ ਪੁਲਸਿ ਅਧਕਿਾਰੀ ਅਤੇ ਸਟਾਫ਼ ਦੇ ਮੈਂਬਰ ਆਮ ਲੋਕਾਂ ਨੂੰ ਸੰਭਾਵੀ ਹੱਦ ਤੱਕ ਸਭ ਤੋਂ ਉੱਚ-ਪੱਧਰੀ ਸੇਵਾ ਮੁਹੱਈਆ ਕਰਨ ਦੀ ਬਹੁਤ ਜ਼ਿਆਦਾ ਅਹਮਿੀਅਤ ਨੂੰ ਜਾਣਦੇ ਹਨ।

ਅਜਿਹੇ ਮੌਕੇ ਵੀ ਆ ਸਕਦੇ ਹਨ ਜਦੋਂ ਤੁਹਾਨੂੰ ਲੱਗਦਾ ਹੈ ਕਿ ਕਿਸੇ ਅਧਿਕਾਰੀ ਜਾਂ ਸਟਾਫ਼ ਮੈਂਬਰ ਦਾ ਵਿਵਹਾਰ ਉਮੀਦ ਕੀਤੇ ਜਾਂਦੇ ਮਿਆਰ ਤੋਂ ਨੀਵਾਂ ਹੁੰਦਾ ਹੈ, ਜਾਂ ਉਨ੍ਹਾਂ ਦੀਆਂ ਕਾਰਵਾਈਆਂ ਦੁਰਵਿਵਹਾਰ ਹੋ ਸਕਦੀਆਂ ਹਨ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਸ਼ਿਕਾਇਤ ਕਰਨ ਦਾ ਅਧਿਕਾਰ ਹੈ।

ਤੁਸੀਂ ਉਸ ਸੂਰਤ ਵਿੱਚ ਸ਼ਿਕਾਇਤ ਕਰ ਸਕਦੇ ਹੋ ਜੇਕਰ:

- ਤੁਸੀਂ ਇੱਕ ਪੁਲਸਿ ਅਧਕਿਾਰੀ, ਪੁਲਸਿ ਸਟਾਫ਼ ਦੇ ਮੈਂਬਰ ਜਾਂ ਪੁਲਸਿ ਲਈ ਕੰਮ ਕਰਨ ਵਾਲੇ ਕੰਟਰੈਕਟਰ ਤੋਂ ਅਢੁਕਵਾਂ ਵਵਿਹਾਰ ਸਹਣਿ ਕੀਤਾ ਸੀ; ਮਸਿਾਲ ਦੇ ਤੌਰ ’ਤੇ ਜੇਕਰ ਤੁਹਾਨੂੰ ਮਹਸੂਿਸ ਹੋਇਆ ਸੀ ਕਿ ਉਨ੍ਹਾਂ ਦਾ ਤੁਹਾਡੇ ਪ੍ਰਤੀ ਵਤੀਰਾ ਅਭੱਦਰ ਜਾਂ ਹਮਲਾਵਰ ਸੀ।
- ਤੁਸੀਂ ਵਅਿਕਤੀ ਤੌਰ ’ਤੇ ਇੱਕ ਘਟਨਾ ਹੁੰਦੇ ਦੇਖੀ ਹੈ ਜਥਿੇ ਤੁਸੀਂ ਪੁਲਸਿ ਅਧਕਿਾਰੀ, ਪੁਲਸਿ ਸਟਾਫ਼ ਦੇ ਮੈਂਬਰ ਜਾਂ ਪੁਲਸਿ ਲਈ ਕੰਮ ਕਰਨ ਵਾਲੇ ਕੰਟਰੈਕਟਰ ਨੂੰ ਅਢੁਕਵੇਂ ਢੰਗ ਨਾਲ ਕਾਰਵਾਈ ਕਰਦੇ ਹੋਏ ਦੇਖਆਿ ਸੀ।
- ਤੁਹਾਡੇ ’ਤੇ ਪੁਲਸਿ ਅਧਕਿਾਰੀ, ਪੁਲਸਿ ਸਟਾਫ਼ ਦੇ ਮੈਂਬਰ ਜਾਂ ਪੁਲਸਿ ਲਈ ਕੰਮ ਕਰਨ ਵਾਲੇ ਕੰਟਰੈਕਟਰ ਦੇ ਵਵਿਹਾਰ ਕਾਰਨ ਮਾੜਾ ਅਸਰ ਪਆਿ ਹੈ, ਭਾਵੇਂ ਇਹ ਘਟਨਾ ਤੁਹਾਡੇ ਸਬੰਧ ਵਚਿ ਨਾ ਵੀ ਹੋਈ ਹੋਵੇ।

ਜੇਕਰ ਤੁਸੀਂ ਉੱਪਰ ਸੂਚੀਬੱਧ ਕਿਸੇ ਵੀ ਸ਼੍ਰੇਣੀ ਤੋਂ ਪ੍ਰਭਾਵਿਤ ਕਿਸੇ ਵਿਅਕਤੀ ਦੀ ਨੁਮਾਇੰਦਗੀ ਕਰ ਰਹੇ ਹੋ, ਅਤੇ ਉਨ੍ਹਾਂ ਤਰਫੋਂ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਉਨ੍ਹਾਂ ਦੀ ਲਿਖਤੀ ਇਜਾਜ਼ਤ ਲੈਣ ਦੀ ਲੋੜ ਹੋਵੇਗੀ। ਇਹ ਉਸ ਸਮੇਂ ਲਾਗੂ ਨਹੀਂ ਹੁੰਦਾ ਜੇਕਰ ਤੁਸੀਂ 16 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਦੇ ਮਾਪੇ ਜਾਂ ਸਰਪ੍ਰਸਤ ਹੁੰਦੇ ਹੋ ਅਤੇ ਉਨ੍ਹਾਂ ਵੱਲੋਂ ਸ਼ਿਕਾਇਤ ਕਰਨਾ ਚਾਹੁੰਦੇ ਹੋ।

ਤੁਸੀਂ ਪੁਲਿਸ ਫੋਰਸ ਦੇ ਕੰਮ ਕਰਨ ਦੇ ਤਰੀਕੇ ਬਾਰੇ ਵੀ ਸ਼ਿਕਾਇਤ ਕਰ ਸਕਦੇ ਹੋ। ਇਹ 'ਨਿਰਦੇਸ਼ ਅਤੇ ਨਿਯੰਤ੍ਰਣ' ਵੱਜੋਂ ਜਾਣਿਆ ਜਾਂਦਾ ਹੈ। ਇਸ ਤਰ੍ਹਾਂ, ਉਦਾਹਰਣ ਦੇ ਤੌਰ ’ਤੇ, ਤੁਸੀਂ ਪੁਲਿਸਿੰਗ ਦੇ ਮਿਆਰਾਂ, ਜਾਂ ਪੁਲਿਸਿੰਗ ਨੀਤੀ ਬਾਰੇ ਸ਼ਿਕਾਇਤ ਕਰ ਸਕਦੇ ਹੋ।

## ਵੈਸਟ ਮਰਸੀਆ ਪੁਲਸਿ ਨੂੰ ਸ਼ਕਿਾਇਤ ਕਰਨ ਦੇ ਤਰੀਕੇ

**ਔਨਲਾਈਨ:** ਤੁਸੀਂ ਸਾਡੇ ਔਨਲਾਈਨ ਸ਼ਿਕਾਇਤ ਫਾਰਮ ਰਾਹੀਂ ਸਾਨੂੰ ਸ਼ਿਕਾਇਤ ਕਰ ਸਕਦੇ ਹੋ ਜੋ ਸਾਡੇ ਪ੍ਰੋਫੈਸ਼ਨਲ ਸਟੈਂਡਰਡਜ਼ ਡਿਪਾਰਟਮੈਂਟ ਨੂੰ ਭੇਜਿਆ ਜਾਵੇਗਾ: www.westmercia.police.uk/complaints

**ਈਮੇਲ ਰਾਹੀਂ:** ਆਪਣੀ ਸ਼ਿਕਾਇਤ ਸਾਡੇ ਪ੍ਰੋਫੈਸ਼ਨਲ ਸਟੈਂਡਰਡਜ਼ ਡਿਪਾਰਟਮੈਂਟ ਨੂੰ

ਉਨ੍ਹਾਂ ਦੇ ਉਚੇਚੇ ਈਮੇਲ ਪਤੇ ’ਤੇ ਈਮੇਲ ਰਾਹੀਂ ਭੇਜੋ: professionalstandards@westmercia.police.uk

**ਵਿਅਕਤੀਗਤ ਤੌਰ 'ਤੇ:** ਕਿਸੇ ਪੁਲਿਸ ਸਟੇਸ਼ਨ ਜਾਓ ਅਤੇ ਸੁਪਰਵਾਈਜ਼ਰ ਨੂੰ ਮਿਲਣ ਲਈ ਬੇਨਤੀ ਕਰੋ ਜੋ ਕੰਮਕਾਜੀ ਜ਼ਿੰਮੇਵਾਰੀ ਅਨੁਸਾਰ ਤੁਹਾਡੇ ਨਾਲ ਮੁਲਾਕਾਤ ਕਰ ਸਕੇਗਾ।

ਵਿਕਲਪਕ ਤੌਰ 'ਤੇ, ਜੇਕਰ ਕੋਈ ਉਪਲਬਧ ਨਹੀਂ ਹੈ, ਤਾਂ ਅਸੀਂ ਤੁਹਾਨੂੰ ਮੋੜਵੀਂ ਕਾਲ ਕਰਨ ਦਾ ਪ੍ਰਬੰਧ ਕਰਾਂਗੇ।

**ਸਾਨੂੰ ਚਿੱਠੀ ਲਿਖ ਕੇ:** ਘਟਨਾ ਦੇ ਪੂਰੇ ਵੇਰਵੇ ਦੇ ਨਾਲ ਇਨ੍ਹਾਂ ਨੂੰ ਇੱਕ ਚਿੱਠੀ ਲਿਖੋ:

Professional Standards Dept
West Mercia Police
Hindlip, Worcester, WR3 8SP

**ਇਸ ਨੰਬਰ 'ਤੇ ਕਾਲ ਕਰਕੇ:** 101

ਤੁਸੀਂ ਇਨ੍ਹਾਂ ਨਾਲ ਵੀ ਸੰਪਰਕ ਕਰ ਸਕਦੇ ਹੋ:

- ਆਪਣੇ ਸੋਲੀਸਟਰ ਜਾਂ ਐੱਮ.ਪੀ. ਨਾਲ, ਅਤੇ ਉਨ੍ਹਾਂ ਨੂੰ ਆਪਣੇ ਲਈ ਸ਼ਕਿਾਇਤ ਕਰਨ ਦੀ ਬੇਨਤੀ ਕਰੋ ਜਾਂ ਆਪਣੀ ਤਰਫੋਂ ਕਾਰਵਾਈ ਕਰਨ ਲਈ ਇੱਕ ਵਅਿਕਤੀ ਨਾਮਜ਼ਦ ਕਰੋ (ਉਨ੍ਹਾਂ ਕੋਲ ਲਾਜ਼ਮੀ ਤੌਰ 'ਤੇ ਤੁਹਾਡੀ ਲਖਿਤੀ ਸਹਮਿਤੀ ਹੋਵੇ ਅਤੇ ਉਹ ਇਸ ਨੂੰ ਮੁਹੱਈਆ ਕਰਨ)।
- ਪੁਲਸਿ ਦੇ ਵਵਿਹਾਰ ਲਈ ਸੁਤੰਤਰ ਅਧਕਿਾਰੀ (ਆਈ.ਓ.ਪੀ.ਸੀ.) ਨਾਲ, ਇੱਥੋਂ ਹੋਰ ਜਾਣਕਾਰੀ ਲਵੋ:

www. policeconduct.gov.uk/complaints

ਟੈਲੀਫ਼ੋਨ: 0300 020 0096

## ਮੈਨੂੰ ਕਹਿੜੇ ਵੇਰਵੇ ਸ਼ਾਮਲ ਕਰਨੇ ਚਾਹੀਦੇ ਹਨ?

- ਕੀ ਹੋਇਆ ਸੀ।
- ਕਦੋਂ ਹੋਇਆ ਸੀ।
- ਕੌਣ ਸ਼ਾਮਲ ਸੀ
- ਕੀ ਕਹਿਾ ਗਆਿ ਜਾਂ ਕੀ ਕੀਤਾ ਗਆਿ ਸੀ।
- ਕੀ ਤੁਹਾਡੇ ਤੋਂ ਇਲਾਵਾ ਹੋਰ ਗਵਾਹ ਸਨ।
- ਕਸਿੇ ਵੀ ਹੋਏ ਨੁਕਸਾਨ ਜਾਂ ਸੱਟ ਦੇ ਵੇਰਵੇ ਦਓਿ।
- ਅਧਕਿਾਰੀ / ਸਟਾਫ਼ ਦੇ ਮੈਂਬਰ ਦੀ ਪਹਚਿਾਣ ਕਰੋ (ਜੇਕਰ ਪਤਾ ਹੋਵੇ)।
- ਤੁਸੀਂ ਕਸਿ ਬਾਰੇ ਸ਼ਕਿਾਇਤ ਕਰ ਰਹੇ ਹੋ।
- ਤੁਸੀਂ ਕਸਿ ਨਤੀਜੇ ਦੀ ਮੰਗ ਕਰ ਰਹੇ ਹੋ।
- •ਤੁਹਾਡੇ ਨਾਲ ਕਵਿੇਂ ਸੰਪਰਕ ਕੀਤਾ ਜਾ ਸਕਦਾ ਹੈ ਜਸਿ ਵਚਿ ਤੁਹਾਡਾ ਪਤਾ, ਟੈਲੀਫ਼ੋਨ ਨੰਬਰ ਜਾਂ ਜੇਕਰ ਲਾਗੂ ਹੋਵੇ ਤਾਂ ਈਮੇਲ ਪਤਾ ਸ਼ਾਮਲ ਹੈ।

## ਅੱਗੇ ਕੀ ਹੋਵੇਗਾ?

ਅਸੀਂ ਤੁਹਾਡੀ ਅਸੰਤੁਸ਼ਟੀ ਦੀ ਸਮੀਖਿਆ ਕਰਾਂਗੇ ਅਤੇ ਇਸ ਦੇ ਸਬੰਧ ਵਿੱਚ ਫ਼ੈਸਲਾ ਕਰਾਂਗੇ ਕਿ ਕੀ ਪੁਲਿਸ ਰਿਫਾਰਮ ਐਕਟ 2002 ਤਹਿਤ ਤੁਹਾਡੀ ਸ਼ਿਕਾਇਤ ਨੂੰ ਦਰਜ ਜਾਂ ਰਿਕਾਰਡ ਕਰਨਾ ਹੈ। ਇਸ ਫ਼ੈਸਲੇ ਤੋਂ ਬਾਅਦ, ਜੋ ਕਿ ਤੁਹਾਡੀ ਸ਼ਿਕਾਇਤ ਦੀ ਕਿਸਮ ਅਤੇ ਗੰਭੀਰਤਾ ਉੱਤੇ ਨਿਰਭਰ ਹੁੰਦਾ ਹੈ, ਅਸੀਂ ਜਾਂ ਤਾਂ ਇਸ ਨੂੰ ਗ਼ੈਰ-ਰਸਮੀ ਢੰਗ ਨਾਲ ਤੁਰੰਤ ਹੱਲ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਾਂਗੇ ਜਾਂ ਜਾਂਚ ਤੋਂ ਇਲਾਵਾ ਕਿਸੇ ਹੋਰ ਤਰੀਕੇ ਨਾਲ ਤੁਹਾਡੀ ਸ਼ਿਕਾਇਤ ਨੂੰ ਨਜਿੱਠਾਂਗੇ।

## ਗ਼ੈਰ-ਰਸਮੀ ਢੰਗ ਨਾਲ ਤੁਰੰਤ ਹੱਲ ਕਰਨਾ

ਪ੍ਰੋਫੈਸ਼ਨਲ ਸਟੈਂਡਰਡਜ਼ ਤੋਂ ਇੱਕ ਮੈਂਬਰ ਤੁਹਾਡੀ ਸ਼ਿਕਾਇਤ ਦਾ ਤੁਹਾਡੀ ਤਸੱਲੀ ਮੁਤਾਬਕ ਨਿਪਟਾਰਾ ਕਰਨ ਦੀ ਕੋਸ਼ਿਸ਼ ਲਈ ਸ਼ਿਕਾਇਤ ਬਾਰੇ ਚਰਚਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ। ਜਿੱਥੇ ਜ਼ਰੂਰੀ ਹੁੰਦਾ ਹੈ, ਤੁਹਾਨੂੰ ਅਗਲੇਰੀ ਜਾਣਕਾਰੀ ਦੇਣ ਲਈ ਤੁਹਾਡੀ ਸ਼ਿਕਾਇਤ ਨੂੰ ਫੇਰ ਅਧਿਕਾਰੀ ਦੇ ਸੁਪਰਵਾਇਜ਼ਰ ਕੋਲ ਅੱਗੇ ਭੇਜਿਆ ਜਾ ਸਕਦਾ ਹੈ। ਇਸ ਵਿੱਚ ਸਾਡੇ ਵੱਲੋਂ ਵਿਆਖਿਆ ਕਰਨਾ, ਮਾਫ਼ੀ ਮੰਗਣਾ ਜਾਂ ਕਿਸੇ ਹੋਰ ਤਰ੍ਹਾਂ ਨਾਲ ਤੁਹਾਨੂੰ ਸੰਤੁਸ਼ਟ ਕਰਵਾਉਣਾ ਸ਼ਾਮਲ ਹੋ ਸਕਦਾ ਹੈ ਕਿ ਢੁਕਵੀਂ ਕਾਰਵਾਈ ਕੀਤੀ ਜਾ ਰਹੀ ਹੈ।

## ਜਾਂਚ ਤੋਂ ਛੁੱਟ ਕਿਸੇ ਹੋਰ ਤਰੀਕੇ ਨਾਲ

ਜੇਕਰ ਤੁਹਾਡੀ ਸ਼ਿਕਾਇਤ ਗ਼ੈਰ-ਰਸਮੀ ਨਿਪਟਾਰੇ ਲਈ ਢੁਕਵੀਂ ਨਹੀਂ ਹੁੰਦੀ, ਤਾਂ ਪ੍ਰੋਫੈਸ਼ਨਲ ਸਟੈਂਡਰਡਜ਼ ਦੇ ਇੱਕ ਮੈਂਬਰ ਵੱਲੋਂ ਸ਼ਿਕਾਇਤਾਂ ਨੂੰ ਨਜਿੱਠਣ ਲਈ ਹੋਰ ਜ਼ਿਆਦਾ ਰਸਮੀ ਪ੍ਰਕਿਰਿਆ ਨੂੰ ਵਰਤਿਆ ਜਾਵੇਗਾ। ਅਸੀਂ ਤੁਹਾਨੂੰ ਦੱਸਾਂਗੇ ਕਿ ਤੁਹਾਡੀ ਸ਼ਿਕਾਇਤ ਨੂੰ ਕਿਵੇਂ ਨਜਿੱਠਿਆ ਜਾਵੇਗਾ, ਫ਼ੈਸਲਾ ਕਿਵੇਂ ਲਿਆ ਜਾਵੇਗਾ ਅਤੇ ਪ੍ਰਕਿਰਿਆ ਦੇ ਆਖ਼ਰ ਵਿੱਚ ਕਿਹੜੀ ਕਾਰਵਾਈ ਕੀਤੀ ਜਾਵੇਗੀ।

ਸ਼ਿਕਾਇਤ ਨਜਿੱਠਣ ਦੀ ਪ੍ਰਕਿਰਿਆ ਦੀ ਸਮਾਪਤੀ ’ਤੇ, ਤੁਹਾਨੂੰ ਇੱਕ ਚਿੱਠੀ ਪ੍ਰਾਪਤ ਹੋਵੇਗੀ ਜੋ ਨਤੀਜੇ, ਅਤੇ ਇਸ ਜਾਣਕਾਰੀ ਬਾਰੇ ਵਿਆਖਿਆ ਕਰੇਗੀ ਕਿ ਜੇਕਰ ਤੁਸੀਂ ਇਸ (ਫ਼ੈਸਲੇ) ਤੋਂ ਨਾਖੁਸ਼ ਹੁੰਦੇ ਹੋ ਤਾਂ ਪ੍ਰੋਫੈਸ਼ਨਲ ਸਟੈਂਡਰਡਜ਼ ਦੇ ਫ਼ੈਸਲੇ ਦੀ ਸਮੀਖਿਆ ਦੀ ਮੰਗ ਕਿਵੇਂ ਕਰਨੀ ਹੈ।

---

ਜੇਕਰ ਤੁਸੀਂ ਬੋਲ਼ੇ ਹੋ ਜਾਂ ਉੱਚਾ ਸੁਣਾਈ ਦਿੰਦਾ ਹੈ ਤਾਂ ਬ੍ਰਿਟਿਸ਼ ਸਾਈਨ ਲੈਂਗੁਏਜ ਅਨੁਵਾਦ ਲਈ ਸਾਈਨਵੀਡੀਓ (SignVideo) ਨੂੰ ਵਰਤਿਆ ਜਾ ਸਕਦਾ ਹੈ। ਦੁਭਾਸ਼ੀਏ ਤੁਹਾਡੇ ਵੱਲੋਂ ਕਹੀ ਜਾਣ ਵਾਲੀ ਗੱਲ ਨੂੰ ਪੁਲਿਸ ਤੱਕ ਪਹੁੰਚਾਉਣਗੇ ਅਤੇ ਉਨ੍ਹਾਂ ਦੀ ਗੱਲ ਤੁਹਾਡੇ ਤੱਕ ਪਹੁੰਚਾਉਣਗੇ

SignVideo

ਬੋਲ਼ੇ ਜਾਂ ਉੱਚਾ ਸੁਣਨ ਵਾਲੇ ਲੋਕਾਂ ਲਈ ਵੀਡੀਓ ਕਾਲਿੰਗ| ਵੈਸਟ ਮਰਸੀਆ ਪੁਲਿਸ।

www.westmercia.police.uk/contact/af/contact-us/us/contact-us/sf/video-calling-for-the-deaf-or-hard-of-hearing/

---

**ਹੋ ਰਹੇ ਜੁਰਮ ਲਈ 999 ’ਤੇ ਕਾਲ ਕਰੋ।**

ਗ਼ੈਰ-ਐਮਰਜੈਂਸੀ ਘਟਨਾਵਾਂ ਲਈ ਔਨਲਾਈਨ ਰਿਪੋਰਟ ਇੱਥੇ ਕਰੋ:
www.westmercia.police.uk/report

ਜੇਕਰ ਤੁਸੀਂ ਔਨਲਾਈਨ ਰਿਪੋਰਟ ਨਹੀਂ ਕਰ ਸਕਦੇ, ਤਾਂ ਤੁਸੀਂ ਪੁਲਿਸ ਨੂੰ ਗ਼ੈਰ-ਐਮਰਜੈਂਸੀ ਨੰਬਰ 101’ਤੇ ਸੰਪਰਕ ਕਰ ਸਕਦੇ ਹੋ।